Government of **Western Australia**
**School Curriculum and Standards Authority**

# ਔਨਲਾਈਨ ਈ ਏ ਐਲ/ਡੀ ਦੀ ਯੋਗਤਾ ਅਰਜ਼ੀ ਜਾਂਚ ਸੂਚੀ

12ਵੀਂ ਜਮਾਤ ਵਿੱਚ ਅੰਗਰੇਜ਼ੀ ਨੂੰ ਵਾਧੂ ਭਾਸ਼ਾ ਵਜੋਂ ਜਾਂ ਉਪਭਾਸ਼ਾ (ਈ ਏ ਐਲ/ਡੀ) ਏ ਟੀ ਏ ਆਰ ਕੋਰਸ ਵਿੱਚ ਦਾਖਲਾ ਲੈਣ ਲਈ, ਤੁਹਾਨੂੰ ਸਟੂਡੈਂਟ ਪੋਰਟਲ https://studentportal.scsa.wa.edu.au ਦੇ ਰਾਹੀਂ ਸਕੂਲ ਕਰੀਕਲੱਮ ਐਂਡ ਸਟੈਂਡਰਡਜ਼ ਅਥਾਰਿਟੀ (ਅਥਾਰਿਟੀ) ਲਈ ਔਨਲਾਈਨ ਈ ਏ ਐਲ/ਡੀ ਦੀ ਯੋਗਤਾ ਅਰਜ਼ੀ ਜ਼ਰੂਰ ਭਰਨੀ ਪਵੇਗੀ।

ਆਪਣੀ ਅਰਜ਼ੀ ਸ਼ੁਰੂ ਕਰਨ ਤੋਂ ਪਹਿਲਾਂ ਇਹ ਯਕੀਨੀ ਬਨਾਉਣ ਲਈ ਕਿ ਤੁਹਾਡੇ ਕੋਲ ਲੋੜੀਂਦਾ ਸਭ ਕੁਝ ਹੈ ਇਸ ਜਾਂਚ ਸੂਚੀ ਨੂੰ ਵਰਤੋ।

ਆਪਣੀ ਔਨਲਾਈਨ ਅਰਜ਼ੀ ਨੂੰ ਪੂਰਾ ਕਰਨ ਲਈ, ਤੁਹਾਨੂੰ ਘਰ ਜਾਂ ਸਕੂਲ ਵਿੱਚ ਇਕ ਕੰਪਿਊਟਰ ਵਰਤਣ ਦੀ ਲੋੜ ਪਵੇਗੀ। ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਆਪਣੇ ਮਾਪਿਆਂ ਜਾਂ ਆਪਣੇ ਈ ਏ ਐਲ/ਡੀ ਅਧਿਆਪਕ ਨੂੰ ਆਪਣੀ ਸਹਾਇਤਾ ਕਰਨ ਲਈ ਪੁੱਛੋ।

## ਸਟੂਡੈਂਟ (ਵਿਦਿਆਰਥੀ) ਪੋਰਟਲ ਵਿੱਚ ਲੌਗ ਇਨ ਕਰਨਾ

ਸਟੂਡੈਂਟ ਪੋਰਟਲ ਵਿੱਚ ਲੌਗ ਇਨ ਕਰਨ ਲਈ, ਤੁਹਾਨੂੰ ਤੁਹਾਡੇ **ਡਬਲਯੂ ਏ ਵਿਦਿਆਰਥੀ ਨੰਬਰ** (**WA student number**) ਦੀ ਲੋੜ ਪਵੇਗੀ ਜੋ ਤੁਸੀਂ ਆਪਣੀ ਸਕੂਲ ਰਿਪੋਰਟ/ਰਿਪੋਰਟਾਂ ਜਾਂ ਤੁਹਾਡੇ ਸਮਾਰਟ ਰਾਈਡਰ ਉਪਰੋਂ ਲੱਭ ਸਕਦੇ ਹੋ। ਤੁਹਾਨੂੰ ਇਕ **ਨਿੱਜੀ ਈਮੇਲ ਪਤੇ** ਦੀ ਵੀ ਲੋੜ ਪਵੇਗੀ। ਜਦੋਂ ਤੁਸੀਂ ਆਪਣੀ ਔਨਲਾਈਨ ਅਰਜ਼ੀ ਪੂਰੀ ਕਰ ਲੈਂਦੇ ਹੋ ਤਾਂ ਤੁਸੀਂ ਆਪਣੇ ਨਿੱਜੀ ਈਮੇਲ ਖਾਤੇ ਤੱਕ ਪਹੁੰਚ ਕਰਨ ਦੇ ਯੋਗ ਹੋਣੇ ਚਾਹੀਦੇ ਹੋ।

## ਰਿਹਾਇਸ਼ ਬਾਰੇ ਜਾਣਕਾਰੀ

ਤੁਹਾਨੂੰ ਹੇਠ ਲਿਖੇ ਵੇਰਵੇ ਦੇਣ ਦੀ ਲੋੜ ਪਵੇਗੀ:

- ❑ ਜਨਮ ਦਾ ਦੇਸ਼
- ❑ ਤਰੀਕ ਜਦੋਂ ਤੁਸੀਂ ਆਸਟ੍ਰੇਲੀਆ ਵਿੱਚ ਆਏ
- ❑ ਜਨਮ ਦਾ ਦੇਸ਼ – ਮਾਤਾ ਤੇ ਪਿਤਾ (ਜਾਂ ਸੰਭਾਲ ਕਰਨ ਵਾਲਾ/ਵਾਲੇ)
- ❑ ਦੇਸ਼ ਜਿੰਨ੍ਹਾਂ ਵਿੱਚ ਤੁਸੀਂ ਰਹੇ ਹੋ
- ❑ ਨਾਗਰਿਕਤਾ
- ❑ ਘਰ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ

## ਸਿੱਖਿਆ ਦਾ ਪਿਛੋਕੜ

ਯਕੀਨੀ ਬਣਾਓ ਕਿ ਤੁਹਾਡੇ ਕੋਲ ਹੋਵੇ:

- ❑ ਕਿੰਡਰਗਾਰਟਨ ਤੋਂ ਲੈ ਕੇ ਹਰੇਕ ਜਮਾਤ ਦੇ ਸਕੂਲਾਂ ਦੇ ਵੇਰਵੇ ਜਿੱਥੇ ਤੁਸੀਂ ਪੜ੍ਹੇ ਸੀ:
    - ਸਕੂਲ ਦਾ ਨਾਮ
    - ਦੇਸ਼ ਜਿੱਥੇ ਇਹ ਸਕੂਲ ਹੈ
    - ਕੈਲੰਡਰ ਸਾਲ ਜਦੋਂ ਤੁਸੀਂ ਸਕੂਲ ਵਿੱਚ ਪੜ੍ਹੇ ਸੀ
    - ਅੰਤਰਰਾਸ਼ਟਰੀ ਸਕੂਲ ਦਰਜਾ
    - ਸਕੂਲ ਵਿੱਚ ਪੜ੍ਹਾਉਣ ਵਾਲੀ ਮੁੱਖ ਭਾਸ਼ਾ
    - ਅੰਗਰੇਜ਼ੀ ਵਿੱਚ ਕਰਵਾਈ ਜਾਂਦੀ ਪੜ੍ਹਾਈ ਦਾ ਪ੍ਰਤੀਸ਼ਤ
- ❑ ਉਹਨਾਂ ਸਾਲਾਂ ਦੀਆਂ ਸਕੂਲ ਰਿਪੋਰਟ/ ਰਿਪੋਰਟਾਂ ਜਦੋਂ ਤੁਸੀਂ ਆਸਟ੍ਰੇਲੀਆ ਤੋਂ ਬਾਹਰ ਸਕੂਲ ਪੜ੍ਹੇ ਸੀ

## ਸਹਾਇਕ ਦਸਤਾਵੇਜ਼

ਤੁਹਾਨੂੰ ਹੇਠ ਲਿਖੇ ਦਸਤਾਵੇਜ਼ਾਂ ਦੀ ਫੋਟੋ ਖਿੱਚਣ ਜਾਂ ਸਕੈਨ ਕਰਨ ਦੀ ਲੋੜ ਪਵੇਗੀ:

- ❑ ਪਾਸਪੋਰਟ ਪਛਾਣ ਸਫਾ
- ❑ ਅੰਦਰ ਆਉਣ ਦੀ ਤਰੀਕ ਦੀ ਮੋਹਰ ਜਾਂ ਵੀਜ਼ਾ **ਜਾਂ**
- ❑ ਅੰਤਰਰਾਸ਼ਟਰੀ ਆਉਣ ਜਾਣ ਦਾ ਰਿਕਾਰਡ
- ❑ ਸਕੂਲ ਰਿਪੋਰਟ/ ਰਿਪੋਰਟਾਂ

ਸਹਾਇਕ ਦਸਤਾਵੇਜ਼ਾਂ ਨੂੰ ਆਪਣੇ ਕੰਪਿਊਟਰ ਜਾਂ ਮੋਬਾਈਲ ਯੰਤਰਾਂ ਉਪਰ **.pdf**, **.jpg**, **.jpeg** ਜਾਂ **.png** ਫਾਈਲਾਂ ਦੇ ਰੂਪ ਵਿੱਚ ਸੰਭਾਲੋ ਅਤੇ **ਹਰੇਕ ਫਾਈਲ ਦਾ ਆਕਾਰ ਵੱਧ ਤੋਂ ਵੱਧ 4MB** ਹੋਵੇ। **Word** ਦਸਤਾਵੇਜ਼ਾਂ ਨੂੰ ਸਵੀਕਾਰ **ਨਹੀਂ** ਕੀਤਾ ਜਾਵੇਗਾ।

2019/43136